# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ –ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

## ਸਮੱਗਰਾ ਸਿੱਖਿਆ ਅਭਿਆਨ (ਪੰਜਾਬ)

ਪੰਜਵੀ ਮੰਜਿਲ, ਈ.ਬਲਾਕ,ਸਿੱਖਿਆ ਭਵਨ,ਫੇਜ਼-8, ਸਅਸ ਨਗਰ, ਪੰਜਾਬ-160062

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ ਅਤੇ ਸੈ.ਸਿ)**
**ਸਬੰਧਤ ਸਕੂਲ ਮੁਖੀ ਅਤੇ ਮੁੱਖ ਅਧਿਆਪਕ**
**ਪੰਜਾਬ।**

ਮੀਮੋ ਨੰ: 2025/ਐਨ.ਐਸ.ਕਿਉ.ਐਫ (922662)185430 ਮਿਤੀ:03/07/2025

**ਵਿਸ਼ਾ:-ਐਨ.ਐਸ.ਕਿਊ.ਐਫ ਅਧੀਨ ਚੱਲ ਰਹੀਆਂ 2130 ਵੋਕੇਸ਼ਨਲ ਲੈਬਜ਼ (PM Shri ਅਧੀਨ ਸਕੂਲਾਂ ਤੋ ਇਲਾਵਾ) ਵਿੱਚ Industry Visit ਕਰਵਾਉਣ ਸਬੰਧੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਮੱਗਰਾ ਸਿੱਖਿਆ ਤਹਿਤ ਪੰਜਾਬ ਰਾਜ ਦੇ 2130 ਵੋਕੇਸ਼ਨਲ ਲੈਬਜ਼ (ਨਾਲ ਨੱਥੀ ਲਿਸਟਾਂ ਅਨੁਸਾਰ) ਵਿੱਚ NSQF ਤਹਿਤ ਵੋਕੇਸ਼ਨਲ ਸਿੱਖਿਆ ਦਿੱਤੀ ਜਾ ਰਹੀ ਹੈ। ਹਰ ਸਕੂਲ ਵਿੱਚ ਸਕੂਲ ਵਿੱਚ ਇੱਕ ਤੋਂ ਤਿੰਨ ਟਰੇਡਾਂ ਚੱਲ ਰਹੀਆਂ ਹਨ, ਜਿੱਥੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵੋਕੇਸ਼ਨਲ ਟ੍ਰੇਨਰਾਂ ਵੱਲੋਂ ਵੋਕੇਸ਼ਨਲ ਸਿੱਖਿਆ ਦਿੱਤੀ ਜਾਂਦੀ ਹੈ।

3.0 ਵਿਦਿਆਰਥੀਆਂ ਨੂੰ ਹੋਰ ਵਧੀਆ ਤਰੀਕੇ ਨਾਲ ਸਿਖਲਾਈ ਦੇਣ ਲਈ ਅਤੇ ਅਸਲ industry ਵਿੱਚ ਲਿਜਾ ਕੇ hand-on-training ਦੇਣ ਲਈ ਚਾਰੇ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਬੰਧਤ ਟ੍ਰੇਡ ਦੀ industry ਵਿੱਚ ਲਿਜਾ ਕੇ Practically ਚੀਜਾਂ/Process ਨੂੰ ਸਮਝਾਉਣ ਦਾ ਉਪਬੰਧ ਹੈ ।

4.0 ਸਾਲ 2025-26 ਦੌਰਾਨ, ਜੁਲਾਈ/ਅਗਸਤ ਮਹੀਨੇ ਵਿੱਚ ਵਿਦਿਆਰਥੀਆਂ ਨੂੰ ਪਹਿਲੀ industry visit ਅਤੇ ਦੂਜੀ industry visit ਅਕਤੂਬਰ/ਨਵੰਬਰ ਮਹੀਨੇ ਵਿੱਚ ਲਾਜ਼ਮੀ ਤੌਰ ਤੇ ਲਿਜਾਣ ਦੀ ਹਦਾਇਤ ਕੀਤੀ ਜਾਦੀ ਹੈ। ਇਸ ਗਤੀਵਿਧੀ ਲਈ ਭਾਰਤ ਸਰਕਾਰ ਤੋਂ ਫੰਡ ਪ੍ਰਾਪਤ ਹੋਣ ਉਪਰੰਤ ਹੇਠ ਦਿੱਤੇ ਟੇਬਲ ਅਨੁਸਾਰ ਰਾਸ਼ੀ ਭੇਜੀ ਜਾਵੇਗੀ:-

| Sr No. | District | No. of Labs | Industrial Visit Amount to be Disbursed @ Rs 30,000 Per Lab For 2 Visits (Rs. In Lakhs) |
|---|---|---|---|
| 1 | AMRITSAR | 152 | 45.6 |
| 2 | BARNALA | 48 | 14.4 |
| 3 | BATHINDA | 152 | 45.6 |
| 4 | FARIDKOT | 61 | 18.3 |
| 5 | FATEHGARH SAHIB | 60 | 18 |
| 6 | FAZILKA | 111 | 33.3 |
| 7 | FEROZEPUR | 82 | 24.6 |

| | | | |
|---|---|---|---|
| 8 | GURDASPUR | 117 | 35.1 |
| 9 | HOSHIARPUR | 96 | 28.8 |
| 10 | JALANDHAR | 150 | 45 |
| 11 | KAPURTHALA | 79 | 23.7 |
| 12 | LUDHIANA | 137 | 41.1 |
| 13 | Malerkotla | 20 | 6 |
| 14 | MANSA | 91 | 27.3 |
| 15 | MOGA | 103 | 30.9 |
| 16 | MUKTSAR | 111 | 33.3 |
| 17 | PATHANKOT | 50 | 15 |
| 18 | PATIALA | 114 | 34.2 |
| 19 | ROOPNAGAR | 64 | 19.2 |
| 20 | S.B.S. NAGAR | 65 | 19.5 |
| 21 | SANGRUR | 114 | 34.2 |
| 22 | SAS NAGAR | 63 | 18.9 |
| 23 | TARN TARAN | 90 | 27 |
| | | 2130 | 639 |

5.0 ਸਮੂਹ ਸਕੂਲ ਮੁੱਖੀਆਂ/ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਇਹ industry visit ਸਮੇਂ ਸਿਰ ਕਰਵਾ ਲਈ ਜਾਵੇ **ਇਸ ਤੇ ਆਉਣ ਵਾਲਾ ਖਰਚਾ Amalgamated ਫੰਡ ਵਿੱਚੋਂ ਕਰ ਲਿਆ ਜਾਵੇ ਅਤੇ ਗ੍ਰਾਂਟ ਪ੍ਰਾਪਤ ਹੋਣ ਤੇ ਇਸ ਮੰਤਵ ਲਈ ਖਰਚਿਆ ਪੈਸਾ Amalgamated ਫੰਡ ਵਿੱਚ ਜਮ੍ਹਾ ਕਰਵਾ ਦਿੱਤਾ ਜਾਵੇ ।**

6.0 ਸਕੂਲਾਂ ਵੱਲੋਂ Industry Visits ਕਰਵਾਉਣ ਲਈ ਖਰਚੇ ਸਬੰਧੀ ਹਦਾਇਤਾਂ ਹੇਠ ਦਰਸਾਏ ਅਨੁਸਾਰ ਹਨ:-

1 Industry Visits ਸਬੰਧੀ ਗ੍ਰਾਂਟ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਸਿੱਖਿਆ) ਰਾਹੀਂ ਸਕੂਲ ਪ੍ਰਿੰਸੀਪਲਾਂ ਨੂੰ ਭੇਜੀ ਜਾਵੇਗੀ।

2 Industry Visits ਕਰਵਾਉਣ ਲਈ ਵੋਕੇਸ਼ਨਲ ਟ੍ਰੇਨਰ ਵਲੋਂ VTP ਨਾਲ ਰਾਬਤਾ ਕਾਇਮ ਕੀਤਾ ਜਾਵੇ ਅਤੇ ਪ੍ਰਿੰਸੀਪਲ ਤੋਂ ਅਗਵਾਈ ਲੈਣ ਉਪਰੰਤ ਵਿਜ਼ਿਟ ਪਲਾਨ ਕੀਤੀ ਜਾਵੇ।

3 ਸਕੂਲ ਟਾਈਮ ਦਾ ਧਿਆਨ ਰੱਖਦੇ ਹੋਏ Business/Industry ਦੇ peak hours ਨੂੰ ਵੀ ਧਿਆਨ ਵਿੱਚ ਰੱਖਦੇ ਹੋਏ ਵਿਜ਼ਟ ਕਰਵਾਈ ਜਾਵੇ।

4 ਵਿਦਿਆਰਥੀਆਂ ਨੂੰ ਉਹਨਾਂ ਦੇ ਟਰੇਡ ਅਤੇ ਕੋਰਸ ਸਬੰਧੀ ਹੀ ਵਿਜ਼ਟ ਕਰਵਾਈ ਜਾਵੇ ਅਤੇ ਵਿਜ਼ਟ ਤੋ ਬਾਅਦ ਵਿਦਿਆਰਥੀਆਂ ਦਾ ਟੈਸਟ ਜਾਂ ਫੀਡਬੈਕ ਲਿਆ ਜਾਵੇ ਕਿ ਉਹਨਾ ਨੂੰ ਉਸ ਵਿਜ਼ਿਟ ਤੋਂ ਕੀ ਸਿੱਖਣ ਨੂੰ ਮਿਲਿਆ। ਅਤੇ ਉਹਨਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਗਲੀ visit ਪਲਾਨ ਕੀਤਾ ਜਾਵੇ।

5 ਵਿਜ਼ਿਟ ਦੌਰਾਨ ਵੋਕੇਸ਼ਨਲ ਟ੍ਰੇਨਰ ਵਿਦਿਆਰਥੀਆਂ ਦੇ ਨਾਲ ਜਾਵੇਗਾ, ਜੇਕਰ ਵੋਕੇਸ਼ਨਲ ਟ੍ਰੇਨਰ ਅਤੇ ਕੁਆਰਡੀਨੇਟਰ ਦੋਵੇਂ ਹੀ ਨਰ (Male) ਹੋਣ ਅਤੇ ਵਿਦਿਆਰਥਣਾਂ ਵੀ ਹੋਣ ਤਾਂ ਵੋਕੇਸ਼ਨਲ ਟ੍ਰੇਨਰ ਦੇ ਨਾਲ ਸਕੂਲ ਦੀ ਕਿਸੇ ਮਹਿਲਾ ਅਧਿਆਪਕ ਨੂੰ ਵੀ ਨਾਲ ਭੇਜਿਆ ਜਾਵੇ।

6 ਵਿਜ਼ਿਟ ਸਬੰਧੀ ਵਿਦਿਆਰਥੀਆਂ ਨੂੰ ਇਕ ਹਫਤਾ ਪਹਿਲਾਂ ਹੀ ਦੱਸ ਦਿੱਤਾ ਜਾਵੇ ਅਤੇ ਇਸ ਬਾਰੇ ਉਹਨਾਂ ਦੇ ਮਾਤਾ-ਪਿਤਾ ਤੋ ਲਿਖਤੀ ਰੂਪ ਵਿੱਚ ਸਹਿਮਤੀ ਵੀ ਲੈ ਲਈ ਜਾਵੇ।

7 ਵਿਦਿਆਰਥੀਆਂ ਦੀ security & discipline ਸਬੰਧੀ ਵੋਕੇਸ਼ਨਲ ਟ੍ਰੇਨਰ ਅਤੇ ਪ੍ਰਿੰਸੀਪਲ ਦੋਵੇਂ ਜ਼ਿੰਮੇਵਾਰ ਹੋਣਗੇਂ।

8 ਵਿਜ਼ਿਟ ਸਮੇਂ ਵਿਦਿਆਰਥੀ proper school uniform ਵਿੱਚ ਹੋਣ ਅਤੇ ਸਾਰਿਆਂ ਨੇ ਆਈ.ਡੀ.ਕਾਰਡ ਗਲੇ ਵਿੱਚ ਪਾਏ ਹੋਣ ਅਤੇ ਆਪਣੇ ਕੋਰਸ ਨਾਲ ਸਬੰਧਤ ਕਿਤਾਬ ਅਤੇ ਪੈਨ-ਕਾਪੀ ਨਾਲ ਲੈ ਕੇ ਜਾਣ ਤਾਂ ਜੋ ਜਰੂਰੀ ਗੱਲਾਂ ਨੋਟ ਕਰ ਸਕਣ।

9 Industry Visits ਕਰਵਾਉਣ ਉਪਰੰਤ ਖਰਚੇ ਦਾ ਵਾਊਚਰ ਸਕੂਲਾਂ ਵਿੱਚ ਮੈਨਟੇਨ ਕਰਵਾਉਣ ਦੀ ਡਿਊਟੀ ਸਕੂਲ ਮੁੱਖੀ ਦੀ ਹੋਵਗੀ ਅਤੇ ਸਕੂਲ ਪ੍ਰਿੰਸਿਪਲ ਵੱਲੋਂ ਖਰਚ ਕੀਤੀ ਗਈ ਰਕਮ ਦਾ ਵਰਤੋ ਸਰਟੀਫਿਕੇਟ ਸਬੰਧਤ ਜ਼ਿਲਾ ਸਿੱਖਿਆ ਦਫਤਰ ਰਾਹੀਂ ਸਮੱਗਰਾ ਦੇ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

10 ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰ ਸਿੱਖਿਆ ਅਭਿਆਨ, ਪੰਜਾਬ